(i) Printed Pages : 2 Roll No. ..............................

(ii) Questions : 7

Sub. Code : | 0 | 5 | 0 | 2 |

Exam. Code : | 0 | 0 | 0 | 6 |

B.A./B.Sc. (General) 6th Sem.

(2054)

PUNJABI (Compulsory)

Paper : (For B.A. Candidates & Shastri VI Semester)

Time Allowed : Three Hours] [Maximum Marks : 45

**ਨੋਟ :-** (1) ਲਿਖਾਈ ਸੁੰਦਰ ਤੇ ਸਪਸ਼ਟ ਹੋਣੀ ਚਾਹੀਦੀ ਹੈ।

(2) ਸਾਰੇ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਹੱਲ ਕੀਤੇ ਜਾਣ।

1. ਕਿਸੇ **ਇੱਕ** ਵਾਰਤਾਲਾਪ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) "ਅੱਜ ਤੋਂ ਤੂੰ ਮੈਨੂੰ ਆਪਣਾ ਪੁੱਤ ਸਮਝ ਲੈ। ਮੇਰੇ ਵਰਗਾ ਪੁੱਤ ਤਾਂ ਮੈਂ ਈ ਹਾਂ। ਮੈਂ ਰੱਬ ਦਾ ਸ਼ਰੀਕ ਨਹੀਂ ਬਣ ਸਕਦਾ। ਮੈਂ ਅੱਜ ਤੋਂ ਤੁਹਾਡੀ ਪੁੱਤਰਾਂ ਵਾਂਗ ਸੇਵਾ ਕਰਾਂਗਾਂ ਤੇ ਹੁਕਮ ਮੰਨਾਗਾਂ"।

(ਅ) "ਮੋਹਰ ਲੱਗੀ ਵੇਖੀ ਨਹੀਂ, ਜਿਹਾ ਸਿੰਘ ਅਤੇ ਜਿਹੀ ਸਿੰਘਣੀ। ਜੇ ਸਿੰਘ ਦਸਾਂ ਦਾ ਭਾਰੂ ਹੈ ਤੇ ਸਿੰਘਣੀ ਉਸ ਤੋਂ ਘੱਟ ਨਹੀਂ। ਮੈਂ ਤੇ ਅੱਖੀ ਦੇਖੀ ਏ, ਪੱਤ ਲੱਥਦੀ, ਵਜ਼ੀਰ ਖਾਂ ਦੇ ਚੌਧਰੀਆਂ ਦੀ। ਲੁੱਕਦਿਆਂ ਨੂੰ ਥਾਂ ਨਹੀਂ ਲੱਭਦੀ"। 5

2. 'ਅਨੂਪ ਕੌਰ' ਨਾਵਲ ਦਾ ਵਿਸ਼ਾ-ਵਸਤੂ ਕੀ ਹੈ ? ਸਪੱਸ਼ਟ ਕਰੋ।

**ਜਾਂ**

ਕਿਸੇ ਇੱਕ ਪਾਤਰ ਦਾ ਚਰਿਤਰ ਚਿਤਰਨ ਕਰੋ : ਅਨੂਪ ਕੌਰ ਜਾਂ ਗੁਰੂ ਗੋਬਿੰਦ ਸਿੰਘ। 10

3. ਨਿਮਲਲਿਖਤ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਦੇ ਸੰਖੇਪ ਉੱਤਰ ਲਿਖੋ :
(ੳ) 'ਅਨੂਪ ਕੌਰ' ਨਾਵਲ ਦਾ ਲੇਖਕ ਕੌਣ ਹੈ ?
(ਅ) 'ਅਨੂਪ ਕੌਰ' ਨਾਵਲ ਦੇ ਚਾਰ ਇਸਤਰੀ ਪਾਤਰਾਂ ਦੇ ਨਾਂ ਲਿਖੋ।
(ੲ) ਅਨੂਪ ਕੌਰ ਨਾਵਲ ਵਿਚਲੇ ਚਾਰ ਜੰਗੀ ਸ਼ਾਜ਼ਾਂ ਦੇ ਨਾਂ ਲਿਖੋ।
(ਸ) ਮਹਾਬਤ ਖਾਂ ਕੌਣ ਸੀ ?
(ਹ) ਗੁਪਤੀ ਕਿਹੋ ਜਿਹਾ ਹਥਿਆਰ ਸੀ ?
(ਕ) ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਕਿਹੜੀਆਂ ਚੀਜ਼ਾਂ ਦਾ ਚੜ੍ਹਾਵਾਂ ਚੜਾਇਆ ਜਾਣ ਲੱਗਾ ?
(ਖ) ਚਮਕੌਰ ਦੀ ਗੜ੍ਹੀ ਕਿਹੋ ਜਿਹੀ ਸੀ ?
(ਗ) ਕੀ ਅਨੂਪ ਕੌਰ ਨਾਵਲ ਦਾ ਸਿਰਲੇਖ ਢੁੱਕਵਾਂ ਹੈ ? 5×1=5

4. ਤੁਹਾਡੇ ਕਾਲਜ ਵਿੱਚ ਪੁਸਤਕ ਮੇਲੇ ਦਾ ਆਯੋਜਨ ਕੀਤਾ ਗਿਆ ਹੈ। ਉਸ ਸੰਬੰਧੀ ਪ੍ਰੈਸ ਨੋਟ ਲਿਖੋ। 8

5. ਗੁਰਮੁਖੀ ਲਿਪੀ ਦੀ ਸਾਰੀ ਵਰਣਮਾਲਾ ਨੂੰ ਤਰਤੀਬ ਵਿੱਚ ਲਿਖ ਕੇ ਇਸਦੀ ਮਹੱਤਤਾ ਬਾਰੇ ਵਿਚਾਰ ਪ੍ਰਗਟ ਕਰੋ।

**ਜਾਂ**

ਗੁਰਮੁਖੀ ਲਿਪੀ ਦੇ ਜਨਮ ਤੇ ਵਿਕਾਸ ਤੇ ਨੋਟ ਲਿਖੋ।

**ਜਾਂ**

ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਦੱਸੋ। 7

6. ਵਾਕ ਦਾ ਅਰਥ ਸਪੱਸ਼ਟ ਕਰਦੇ ਹੋਏ ਇਸ ਦੀਆਂ ਕਿਸਮਾਂ ਉੱਤੇ ਨੋਟ ਲਿਖੋ।

**ਜਾਂ**

ਉਪਵਾਕ ਦਾ ਅਰਥ ਸਪੱਸ਼ਟ ਕਰਦੇ ਹੋਏ ਸਵਾਧੀਨ ਅਤੇ ਪਰਾਧੀਨ ਉਪਵਾਕਾਂ ਉੱਪਰ ਨੋਟ ਲਿਖੋ। 6

7. ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਲਿਖੋ :
(ੳ) ਯੋਜਕ ਕੀ ਹੁੰਦਾ ਹੈ ?
(ਅ) ਹੁਕਮੀ ਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਇੱਕ ਉਦਾਹਰਨ ਵੀ ਲਿਖੋ।
(ੲ) "ਉਹ ਲਾਲਚੀ ਵੀ ਹੈ ਤੇ ਕਮੀਨਾ ਵੀ" ਵਾਕ ਦੀ ਕਿਸਮ ਚੁਣੋ।
(ਸ) "ਤੁਹਾਡਾ ਪੈੱਨ ਕਿਹੜਾ ਹੈ ?" ਵਾਕ ਦੀ ਕਿਸਮ ਚੁਣੋ। 2×2=4